Client information

Punjabi

refugee action

working with refugees to build new lives

# ਤੁਹਾਡੇ ਸ਼ਰਣ ਲੈਣ ਦੇ ਦਾਅਵੇ ਅਤੇ ਸਭ ਅਪੀਲਾਂ ਦੇ ਨਾਮਨਜ਼ੂਰ ਹੋਣ ਤੋਂ ਬਾਅਦ ਸਹਾਇਤਾ ਅਤੇ ਰਿਹਾਇਸ਼

ਜੇ Home Office* ਨੇ ਤੁਹਾਡੇ ਸ਼ਰਣ ਲੈਣ ਦੇ ਦਾਅਵੇ ਬਾਰੇ ਕੋਈ ਫ਼ੈਸਲਾ ਨਹੀਂ ਕੀਤਾ, ਜਾਂ ਤੁਹਾਡੀਆਂ ਅਪੀਲਾਂ ਦਾ ਨਿਪਟਾਰਾ ਹੋਣਾ ਬਾਕੀ ਹੈ, ਤਾਂ ਤੁਸੀਂ NASS* (ਨੈਸ਼ਨਲ ਅਸਾਈਲਮ ਸਪੋਰਟ ਸਰਵਿਸ) ਕੋਲੋਂ ਸਹਾਇਤਾ ਲੈ ਸਕਦੇ ਹੋ। ਜੇ ਤੁਹਾਡਾ ਸ਼ਰਣ ਲੈਣ ਦਾ ਦਾਅਵਾ ਅਤੇ ਸਭ ਅਪੀਲਾਂ ਨਾਮਨਜ਼ੂਰ ਹੋ ਗਈਆਂ ਹਨ, ਤਾਂ ਇਹ ਸਹਾਇਤਾ ਬਦਲ ਜਾਣ ਦੀ ਸੰਭਾਵਨਾ ਹੈ।

## ਕੀ ਮੇਰਾ ਸ਼ਰਣ ਲੈਣ ਦਾ ਦਾਅਵਾ ਅਤੇ ਸਭ ਅਪੀਲਾਂ ਨਾਮਨਜ਼ੂਰ ਹੋ ਗਈਆਂ ਹਨ ?

**ਜੇ ਤੁਹਾਨੂੰ ਪੱਕਾ ਪਤਾ ਨਹੀਂ, ਜਾਂ ਤੁਹਾਡੇ ਮੂਲ ਦੇਸ਼ ਵਿੱਚ ਸਥਿੱਤੀ ਬਦਲ ਗਈ ਹੈ, ਤਾਂ ਤੁਹਾਨੂੰ ਜਿੰਨੀ ਜਲਦੀ ਹੋ ਸਕੇ, ਕਾਨੂੰਨੀ ਸਲਾਹ ਲੈਣ ਦੀ ਜ਼ਰੂਰਤ ਹੈ - ਆਪਣੇ ਵਕੀਲ ਤੋਂ ਸਲਾਹ ਲਉ** ਜਾਂ ਆਪਣੇ ਕੇਸ ਵਰਕਰ ਨੂੰ ਵਕੀਲਾਂ ਦੀ ਇੱਕ ਸੂਚੀ ਲਈ ਕਹੋ।

## ਤੁਹਾਡੇ ਸ਼ਰਣ ਲੈਣ ਦੇ ਦਾਅਵੇ ਅਤੇ ਸਭ ਅਪੀਲਾਂ ਦੇ ਨਾਮਨਜ਼ੂਰ ਹੋਣ ਬਾਅਦ ਸਹਾਇਤਾ

ਇੱਕ ਵਾਰ ਸ਼ਰਣ ਲੈਣ ਦੇ ਦਾਅਵੇ ਅਤੇ ਸਭ ਅਪੀਲਾਂ ਨਾਮਨਜ਼ੂਰ ਹੋਣ ਬਾਅਦ ਰਿਹਾਇਸ਼ ਲਭਣੀ ਜਾਂ ਸਹਾਇਤਾ ਲੈਣੀ ਮੁਸ਼ਕਲ ਹੋ ਸਕਦੀ ਹੈ, ਪਰ ਕੁਝ ਵਿਕਲਪ ਹਨ :

1. **ਸੈਕਸ਼ਨ 95 ਸਪੋਰਟ** - ਉਹ ਸਹਾਇਤਾ, ਜੋ ਤੁਹਾਨੂੰ ਸ਼ਰਣ ਲੈਣ ਦੇ ਦਾਅਵੇ ਦੌਰਾਨ ਮਿਲਦੀ ਰਹੀ ਹੈ।

- ਜੇ S95 NASS* ਸਪੋਰਟ ਖ਼ਤਮ ਹੋਣ ਤੋਂ ਪਹਿਲਾਂ ਤੁਹਾਡੇ ਨਾਲ ਰਹਿ ਰਹੇ ਤੁਹਾਡੇ ਬੱਚਿਆਂ ਦੀ ਉਮਰ 18 ਸਾਲ ਤੋਂ ਘੱਟ ਹੈ, ਤਾਂ ਆਮ ਤੌਰ ਤੇ ਇਹ ਸਹਾਇਤਾ ਬੱਚਿਆਂ ਦੇ 18 ਸਾਲ ਦੇ ਹੋਣ ਤਕ ਜਾਰੀ ਰਹਿੰਦੀ ਹੈ।
- ਜੇ ਤੁਹਾਡੇ ਬੱਚੇ ਨਹੀਂ, ਤਾਂ ਤੁਹਾਡੇ ਸ਼ਰਣ ਲੈਣ ਦੇ ਦਾਅਵੇ ਦੇ ਆਖ਼ਰੀ ਵਾਰ ਨਾਮਨਜ਼ੂਰ ਹੋਣ ਦੇ 21 ਦਿਨ ਬਾਅਦ NASS S95* ਸਪੋਰਟ ਖ਼ਤਮ ਹੋ ਜਾਏਗੀ ਅਤੇ NASS* ਤੁਹਾਨੂੰ ਇਹ ਸੂਚਨਾ ਇੱਕ ਪੱਤਰ ਰਾਹੀਂ ਦੇਵੇਗੀ।

2. **ਸੈਕਸ਼ਨ 4 ਸਪੋਰਟ** - ਬੁਨਿਆਦੀ ਰਿਹਾਇਸ਼ ਅਤੇ ਖ਼ੁਰਾਕ ਜਾਂ ਵਾਊਚਰਸ।

- ਜੇ NASS S95* ਸਪੋਰਟ ਦੇ ਬੰਦ ਹੋਣ ਬਾਅਦ ਤੁਹਾਡੇ ਬੱਚੇ ਹੁੰਦੇ ਹਨ ਜਾਂ ਜੇ ਤੁਸੀਂ ਯੂ.ਕੇ. ਤੋਂ ਬਾਹਰ ਨਹੀਂ ਨਿਕਲ ਸਕਦੇ ਜਾਂ ਜੇ ਤੁਸੀਂ ਆਪਣੇ ਦੇਸ਼ ਆਪਣੀਮਰਜ਼ੀ ਨਾਲ ਜਾਣ ਲਈ ਅਰਜ਼ੀ ਦਿੱਤੀ ਹੈ, ਤਾਂ ਤੁਸੀਂ ਸੈਕਸ਼ਨ 4 ਸਪੋਰਟ ਲੈਣ ਦੇ ਪਾਤਰ ਹੋ ਸਕਦੇ ਹੋ। **ਕਿਰਪਾ ਕਰਕੇ Section 4* ਸਪੋਰਟ ਦੇ ਵੇਰਵਿਆਂ ਲਈ Refugee Action's* ਲੀਫ਼ਲੈੱਟ ਵੇਖੋ।**

3. **ਲੋਕਲ ਅਥਾਰਿਟੀ ਸਪੋਰਟ**

- ਜੇ ਤੁਹਾਨੂੰ ਗੰਭੀਰ ਜਿਸਮਾਨੀ/ਮਾਨਸਿਕ ਸਮੱਸਿਆਵਾਂ ਹਨ, ਜਾਂ ਤੁਸੀਂ ਵੱਡੀ ਉਮਰ ਦੇ/ਬੀਮਾਰ ਹੋ, ਤਾਂ Local Authority* ਤੁਹਾਨੂੰ ਰਿਹਾਇਸ਼ ਅਤੇ ਸਹਾਇਤਾ ਦੇ ਸਕਦੀ ਹੈ। ਉਨ੍ਹਾਂ ਨੂੰ ਪਹਿਲਾਂ ਤੁਹਾਡੇ ਬਾਰੇ ਮੁਲਾਂਕਣ ਕਰਨ ਦੀ ਜ਼ਰੂਰਤ ਪਏਗੀ – ਇਸਨੂੰ Community Care Assessment* ਕਿਹਾ ਜਾਂਦਾ ਹੈ ਅਤੇ ਇਸ ਕਾਰਵਾਈ ਨੂੰ ਕੁਝ ਹਫ਼ਤੇ ਲਗ ਸਕਦੇ ਹਨ।
- ਜੇ ਤੁਹਾਡੇ ਬੱਚੇ ਹਨ, ਅਤੇ ਤੁਹਾਨੂੰ S95 ਜਾਂ S4 ਸਪੋਰਟ ਨਹੀਂ ਮਿਲ ਸਕਦੀ, ਤਾਂ ਲੋਕਲ ਅਥਾਰਿਟੀ ਨੂੰ ਤੁਹਾਡੇ ਬੱਚਿਆਂ ਨੂੰ ਸਹਾਇਤਾ ਦੇਣੀ ਪਏਗੀ, ਪਰ ਉਹ ਤੁਹਾਡੇ ਪਰਿਵਾਰ ਵਿੱਚ 18 ਸਾਲ ਤੋਂ ਵੱਧ ਉਮਰ ਦੇ ਕਿਸੇ ਜੀਅ ਨੂੰ ਸਹਾਇਤਾ ਦੇਣ ਤੋਂ ਇਨਕਾਰ ਕਰ ਸਕਦੀ ਹੈ।

**ਜੇ ਤੁਸੀਂ ਉੱਪਰ ਦੱਸੀ ਕਿਸੇ ਸ਼੍ਰੇਣੀ ਵਿੱਚ ਨਹੀਂ ਆਉਂਦੇ,** ਤਾਂ ਕਈ ਸਥਾਨਕ ਸੰਸਥਾਵਾਂ ਹੋਣਗੀਆਂ ਜੋ ਤੁਹਾਡੀ ਰਿਹਾਇਸ਼, ਖ਼ੁਰਾਕ ਜਾਂ ਕਪੜੇ ਹਾਸਲ ਕਰਨ ਵਿੱਚ ਸਹਾਇਤਾ ਕਰ ਸਕਦੀਆਂ ਹਨ।

**ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਕਿਸੇ ਕੇਸਵਰਕਰ ਨੂੰ ਪੁੱਛੋ।**

* ਇਹ ਸੰਸਥਾਵਾਂ ਦੇ ਅੰਗਰੇਜ਼ੀ ਨਾਂਅ ਹਨ, ਜਾਂ ਹੋਰ ਅਜਿਹੇ ਨਾਂਅ ਹਨ, ਜੋ ਅਨੁਵਾਦ ਨਹੀਂ ਕੀਤੇ ਜਾ ਸਕਦੇ। ਕਿਰਪਾ ਕਰਕੇ ਇੱਕ ਐਡਵਾਈਸ ਵਰਕਰ ਨੂੰ ਇਨ੍ਹਾਂ ਨੂੰ ਖੋਲ੍ਹ ਕੇ ਸਮਝਾਉਣ ਲਈ ਕਹੋ।



Refugee Action registered charity number: 283660